ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।

ਮੈਂ, ਗੁਰਪ੍ਰੀਤ ਕੌਰ, ਅੱਜ ਤੁਹਾਨੂੰ ਚੌਥੀ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ- 7 "ਸਿਹਾਰੀ" ਦੀ ਮਾਤਰਾ ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਇਹ ਪਾਠ ਤੁਹਾਡੀ ਪਾਠ-ਪੁਸਤਕ "ਸੁੱਚੇ ਮੋਤੀ" ਦੇ ਪੰਨਾ ਨੰਬਰ- ੨੨ ਉੱਤੇ ਦਰਜ ਹੈ। ਜੇ, ਸਾਰੇ ਵਿਦਿਆਰਥੀ ਤਿਆਰ ਹਨ ਤਾਂ ਆਓ, ਪੜ੍ਹਨਾ ਸ਼ੁਰੂ ਕਰੀਏ।

**ਸਿਹਾਰੀ :-** ਇਸ ਲਗ ਦੀ ਅਵਾਜ਼ ਹਿੰਦੀ ਮਾਤਰਾ ਦੀ 'ਇ' ਨਾਲ ਮਿਲਦੀ ਜੁਲਦੀ ਹੈ। ਇਸ ਨੂੰ ਜਿਸ ਅੱਖਰ ਨਾਲ ਲਾਉਂਦੇ ਹਾਂ ਉਸਦੀ ਅਵਾਜ਼ ਬਦਲ ਜਾਂਦੀ ਹੈ।

ਜਿਵੇਂ ਕਿ:-

1) ਿ + ਸ + ਰ → ਸਿਰ

2) ਿ + ਦ + ਨ → ਦਿਨ

3) ਿ + ਲ + ਖ → ਲਿਖ

ਆਓ, ਹੁਣ ਕੁਝ ਹੋਰ ਸਿਹਾਰੀ ਵਾਲੇ ਸ਼ਬਦ ਸਿੱਖੀਏ।


## 7 ਸਿਹਾਰੀ ( ਿ )



ਿ+ਹ+ਰ+ਨ = ਹਿਰਨ



ਿ+ਕ+ਸਾ+ਨ = ਕਿਸਾਨ




ਿ+ਕ+ਤਾ+ਬ = ਕਿਤਾਬ

Tender Heart School, Class- IV (Punjabi)

Chapter-7 Gurpreet Kaur





ਸ਼+ਿ+ਹ+ਦ = ਸ਼ਹਿਦ   ਸਾ+ਿ+ੲ+ਕ+ਲ = ਸਾਇਕਲ   ਿ+ਮ+ਰ+ਚ = ਮਿਰਚ

## ਪੜ੍ਹੋ, ਬੋਲੋ ਤੇ ਲਿਖੋ-

| | | | | |
|---|---|---|---|---|
| ਸਿਰ | ਫਿਰ | ਦਿਨ | ਗਿਣ | ਮਿਣ |
| ਇਸ | ਜਿਸ | ਸਿਖ | ਚਿਰ | ਲਿਖ |
| ਜਿਲਦ | ਮਹਿਕ | ਨਹਿਰ | ਸ਼ਿਕਾਰ | ਕਵਿਤਾ |
| ਸਿਮਰਨ | ਨਿਰਮਲ | ਪਿਕਨਿਕ | ਇਸ਼ਤਿਹਾਰ | ਅਧਿਆਪਕ |

ਹੁਣ ਵਿਦਿਆਰਥੀ ਇਸ ਪਾਠ ਨੂੰ ਰੋਕਕੇ ਪਹਿਲਾਂ ਉੱਪਰ ਦੱਸੇ ਬਿਹਾਰੀ ਵਾਲੇ ਸ਼ਬਦ ਲਿਖਣ ਅਤੇ ਬੋਲਣ ਦਾ ਅਭਿਆਸ ਕਰਨ। ਆਓ, ਹੁਣ ਅਸੀਂ ਕੁਝ ਵਾਕ ਬਣਾਉਣੇ ਸਿੱਖੀਏ।

ਕਿਰਨ ਸ਼ਹਿਰ ਚਲ। ਕਿਤਾਬ ਲਿਆ। ਬਸਤਾ ਫੜਾ। ਹਿਸਾਬ ਕਰ। ਗਿਆਨ ਵਧਾ। ਮਿਹਨਤ ਕਰ। ਮਾਤਾ-ਪਿਤਾ ਦਾ ਆਦਰ ਕਰ। ਸਿਮਰਨ ਘਰ ਜਾ। ਬਿਸਤਰਾ ਵਿਛਾ। ਸਿਤਾਰ ਵਜਾ। ਗਾਣਾ ਗਾ।



ਵਿਦਿਆਰਥੀਆਂ ਨੇ ਇਹਨਾਂ ਸ਼ਬਦਾਂ ਦਾ ਚੰਗੀ ਤਰ੍ਹਾਂ ਅਭਿਆਸ ਕਰਨਾ ਹੈ ਅਤੇ 'ਸੁਪਰੀਮ ਸ਼ਬਦ ਸੁਲੇਖ' ਦਾ ਪੰਨਾ ਨੰਬਰ 3,4 ਵੀ ਹੱਲ ਕਰੋ। ਧੰਨਵਾਦ।

Last page-(2)